

# ਹਵਾ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ

# ਹਵਾ

ਲੇਖਕ: ਮਾਧੁਰੀ ਪਾਇ

ਚਿੱਤਰਕਾਰ: ਰਿਜੁਤਾ ਘਾਟੇ, ਪਵਨਦੀਪ ਕੌਰ


ਪੰਜਾਬੀ ਅਨੁਵਾਦ: ਐੱਸ. ਵਕੀਲ



ਨਹਾ ਕੇ ਮੈਨੂੰ ਆਵੇ ਨਜ਼ਾਰਾ
ਸਰੀਰ ਠੰਡਾ ਹੋ ਜਾਵੇ ਸਾਰਾ


ਅਜਿਹਾ ਕਿਉਂ ਹੁੰਦਾ ਹੈ ?
ਇਹ ਹੁੰਦਾ ਹੈ ਹਵਾ ਕਰਕੇ।

ਗਰਮ ਦੁੱਧ ਰੱਖਿਆ ਕੱਪ ਵਿੱਚ
ਹੋ ਗਿਆ ਠੰਡਾ ਥੋੜ੍ਹੀ ਦੇਰ ਵਿੱਚ
ਇਹ ਕਿਵੇਂ ਹੋਇਆ ?
ਹਵਾ ਹੈ ਇਹ ਹਵਾ।





ਬਾਰੀਆਂ ਦੇ ਪਰਦੇ ਉੱਡਣ ਲੱਗੇ
ਕੋਲ ਜਾਵਾਂ ਤਾਂ ਨਾਲ ਚਿਪਕਦੇ
ਕਿਸਨੇ ਕੀਤਾ ਇਹ ?
ਇਹ ਤਾਂ ਹੈ ਹਵਾ।



ਬਿਜਲੀ ਚਮਕੀ, ਬੱਦਲ ਆਏ
ਆਈ ਹਨ੍ਹੇਰੀ, ਧੂੜ ਉਡਾਏ
ਇਹ ਸਭ ਕਿਵੇਂ ਹੋਇਆ ?
ਹਵਾ, ਹੋਰ ਕੀ ?

ਟਾਹਣੀ ਹਿੱਲੀ, ਪੱਤੇ ਹਿੱਲੇ
ਦੇਖਦੇ-ਦੇਖਦੇ ਫੁੱਲ ਡਿੱਗੇ
ਇਹ ਕਿਵੇਂ ਹੋਇਆ ?
ਇਹ ਹੈ ਹਵਾ।





ਘਰ ਵਿੱਚ ਖ਼ੂਬ ਖੇਡ ਰਹੀ ਸੀ
ਲੱਡੂਆਂ ਦੀ ਖ਼ੁਸ਼ਬੂ ਆ ਰਹੀ ਸੀ
ਇਹ ਕਿਵੇਂ ਹੋਇਆ ?
ਹਵਾ ਹੈ ਇਹ ਹਵਾ।



ਕੱਚ ਦਾ ਕੱਪ ਬਾਰੀ ’ਤੇ
ਟੁੱਟ ਗਿਆ ਡਿੱਗਣ ’ਤੇ
ਮੈਂ ਤਾਂ ਨਹੀਂ ਤੋੜਿਆ!
ਇਹ ਤਾਂ ਸੁੱਟਿਆ ਹਵਾ ਨੇ।

ਸੀਟੀ ਵੱਜਦੀ ਹੈ, ਛੁੱਕ-ਛੁੱਕ ਹੁੰਦੀ ਹੈ
ਦਿਸਦੀ ਨਹੀਂ ਪਰ ਸੁਣਾਈ ਦਿੰਦੀ ਹੈ
ਅਵਾਜ਼ ਕਿਵੇਂ ਆਉਂਦੀ ਹੈ ?
ਹਵਾ ਨਾਲ਼ ਲਿਆਉਂਦੀ ਹੈ।





ਦਿਸਦੀ ਨਹੀਂ, ਬੋਲਦੀ ਨਹੀਂ
ਪਰ ਇਹ ਵਗਦੀ ਰਹਿੰਦੀ ਹੈ
ਇਹ ਤਾਂ ਹੈ ਹਵਾ।



ਹਵਾ ਹੈ ਇਹ ਹਵਾ ਹੈ।

ਹਵਾ ਕੀ-ਕੀ ਕਰਦੀ ਹੈ ? ਆਓ ਪੜ੍ਹੀਏ ਇਸ ਕਹਾਣੀ ਵਿੱਚ।

**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS

storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ